## ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ

**(ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ)**

# ਪਬਲਿਕ ਨੋਟਿਸ

**(250 (ਬੈਕਲਾਗ) ਅਸਾਮੀਆਂ ਵਿਰੁੱਧ ਸਿਲੈਕਟ ਹੋਏ ਕਲਰਕ (ਖੇਤਰੀ ਦਫਤਰ) ਨੂੰ ਨਿਯੁਕਤੀ ਪੱਤਰ ਜਾਰੀ ਕਰਨ ਅਤੇ ਸਟੇਸ਼ਨ ਚੋਣ ਸਬੰਧੀ)**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕਲਰਕ (ਖੇਤਰੀ ਦਫਤਰ) ਦੀਆਂ 250 (ਬੈਕਲਾਗ) ਅਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਨੰ. 17/2021 ਰਾਹੀਂ ਇਸ਼ਤਿਹਾਰ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਇਸ ਦਫਤਰ ਨੂੰ ਪ੍ਰਾਪਤ ਹੋਈਆਂ ਸਨ। ਇਹਨਾਂ ਸਿਫਾਰਸ਼ਾਂ ਵਿੱਚੋਂ ਕੁਝ ਉਮੀਦਵਾਰਾਂ ਵੱਲੋਂ ਜੁਆਇਨਿੰਗ ਨਹੀਂ ਦਿੱਤੀ ਗਈ। ਹੁਣ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕਲਰਕ (ਖੇਤਰੀ ਦਫਤਰ) ਦੀਆਂ ਆਸਾਮੀਆਂ (ਨਾਨ ਜੁਆਨਿੰਗ) ਲਈ ਯੋਗ ਉਮੀਦਵਾਰਾਂ ਅਤੇ ਸੁਤੰਤਰਤਾ ਸੰਗਰਾਮੀ ਕੈਟਾਗਰੀ ਅਧੀਨ ਕੁੱਲ 35 ਯੋਗ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਇਸ ਦਫਤਰ ਨੂੰ ਪ੍ਰਾਪਤ ਹੋਈਆਂ ਹਨ। ਇਹਨਾਂ ਯੋਗ ਉਮੀਦਵਾਰਾਂ ਦੀ ਸੂਚੀ ਮਿਤੀ 08.11.2023 ਰਾਹੀਂ ਵਿਭਾਗ ਦੀ ਵੈਬਸਾਈਟ **http://www.ssapunjab.org/** ਤੇ ਅਪਲੋਡ ਕੀਤੀ ਗਈ ਹੈ।

2.0 **ਇਹਨਾਂ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਮਿਤੀ 24.11.2023 ਨੂੰ ਸਵੇਰੇ 11 ਵਜੇ, ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ, ਚੌਥੀ ਮੰਜਿਲ, ਦਫਤਰੀ ਅਮਲਾ ਸ਼ਾਖਾ ਵਿਖੇ ਕਲਰਕ ਦੀ ਆਸਾਮੀ ਲਈ ਪੇਸ਼ਕਸ਼ ਪੱਤਰ ਜਾਰੀ ਕੀਤੇ ਜਾਣੇ ਹਨ ਅਤੇ ਸਟੇਸ਼ਨ ਚੋਣ ਕਰਵਾਈ ਜਾਣੀ ਹੈ।**

3.0 **35 ਯੋਗ ਉਮੀਦਵਾਰਾਂ** ਵਿੱਚੋਂ ਸਟੇਸ਼ਨ ਚੋਣ ਕਰਨ ਲਈ ਹੇਠ ਲਿਖੀਆਂ ਕੈਟਾਗਿਰੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ:-

1. ਵਿਧਵਾ ਕੇਸ।
2. ਅੰਗਹੀਣ (ਜੋ 40 ਪ੍ਰਤੀਸ਼ਤ ਤੋਂ ਵੱਧ ਅੰਗਹੀਣ ਹੋਣ)।
3. ਕੈਂਸਰ ਦੇ ਮਰੀਜ਼, ਖਰਾਬ ਕਿਡਨੀ ਦੇ ਮਰੀਜ (ਖੁਦ ਜੋ ਡਾਇਲਿਸਿਸ ਤੇ ਹੋਣ)।
4. ਜਿਨ੍ਹਾਂ ਦੇ ਬੱਚੇ 60 ਪ੍ਰਤੀਸ਼ਤ ਤੋਂ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋਂ ਪੀੜਿਤ ਹੋਣ।

4.0 ਜੋ **ਉਮੀਦਵਾਰ** ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟਾਗਿਰੀ ਦੇ ਨਾਲ ਸਬੰਧਤ ਦਸਤਾਵੇਜ਼ਾਂ (ਸਮੇਤ ਫੋਟੋ ਕਾਪੀ) **ਮਿਤੀ 24.11.2023 ਨੂੰ ਨਾਲ ਲੈ ਕੇ ਆਉਣਗੇ**। ਇਹਨਾਂ ਉਮੀਦਵਾਰਾਂ ਦੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਉਪਰੋਕਤ ਕੈਟਾਗਰੀ ਵਿੱਚ ਪਹਿਲ ਦੇ ਆਧਾਰ ਤੇ ਸਟੇਸ਼ਨ ਚੋਣ ਕਰਵਾਉਣ ਲਈ ਵਿਚਾਰ ਕੀਤਾ ਜਾਵੇਗਾ।

5.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟਾਗਰੀ ਦੇ ਉਮੀਦਵਾਰ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀਂ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵੱਲੋਂ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

6.0 ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਸਚਿਤ ਮਿਤੀ ਅਤੇ ਸਥਾਨ ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ।

7.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਾਪਤ ਹੋਈ ਸੂਚੀ ਅਨੁਸਾਰ ਜੋ ਯੋਗ ਉਮੀਦਵਾਰ ਦਸਤਾਵੇਜ਼ ਸਕਰੂਟਨੀ ਲਈ ਹਾਜ਼ਰ ਨਹੀਂ ਹੋਏ, ਉਨ੍ਹਾਂ ਉਮੀਦਵਾਰਾਂ ਦੀ ਸੂਚੀ **(ਅਨੁਲੱਗ -ਏ)** ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ। ਇਹਨਾਂ ਉਮੀਦਵਾਰਾਂ ਨੂੰ ਦਸਤਾਵੇਜ਼ਾਂ ਦੀ ਸਕਰੂਟਨੀ ਸਬੰਧੀ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਇਹ ਉਮੀਦਵਾਰ ਮਿਤੀ 24.11.2023 ਨੂੰ ਦਸਤਾਵੇਜਾਂ ਦੀ ਸਕਰੂਟਨੀ ਲਈ ਹਾਜ਼ਰ ਨਹੀਂ ਹੁੰਦੇ ਤਾਂ ਵਿਭਾਗ ਵੱਲੋਂ ਉਸਦਾ ਕਲੇਮ ਰੱਦ ਕਰਦੇ ਹੋਏ ਉਸਦੇ ਨਾਂ ਦੀ ਸ਼ਿਫਾਰਿਸ਼ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਇਹ ਨੋਟਿਸ ਸਬੰਧਤ ਉਮੀਦਵਾਰ ਦੀ ਈ-ਮੇਲ ਆਈ.ਡੀ. ਤੇ ਵੀ ਭੇਜਿਆ ਜਾ ਰਿਹਾ ਹੈ।

ਨੋਟ:- **ਜੇਕਰ ਕੋਈ ਉਮੀਦਵਾਰ ਨਿਸਚਿਤ ਮਿਤੀ ਨੂੰ ਸਟੇਸ਼ਨ ਚੋਣ ਲਈ ਹਾਜ਼ਰ ਨਹੀਂ ਹੁੰਦਾ ਤਾਂ ਦਫਤਰ ਵੱਲੋਂ ਆਪਣੇ ਪੱਧਰ ਤੇ ਉਸਨੂੰ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।**

23/11/23

**ਸਹਾਇਕ ਡਾਇਰੈਕਟਰ (ਦਫਤਰੀ ਅਮਲਾ)**
**ਦ: ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

**ਪੱਤਰ ਨੰ.:- ਈ-444520-ਦਅ(2)/**
**ਮਿਤੀ: 23.11.2023**

**ਅਨੁਲੱਗ -ਏ**

ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪੱਤਰ ਮਿਤੀ 28.08.2023 ਅਤੇ ਮਿਤੀ 12.10.2023, ਰਾਹੀਂ ਕਲਰਕ (ਖੇਤਰੀ ਦਫਤਰ) ਦੀਆਂ ਆਸਾਮੀਆਂ ਲਈ ਪ੍ਰਾਪਤ ਹੋਈਆਂ ਯੋਗ ਉਮੀਦਵਾਰਾਂ ਦੀਆਂ ਸ਼ਿਫਾਰਸ਼ਾਂ ਅਨੁਸਾਰ ਜੋ ਉਮੀਦਵਾਰ ਮਿਤੀ 10.11.2023 ਨੂੰ ਦਸਤਾਵੇਜ਼ ਸਕਰੂਟਨੀ ਲਈ ਹਾਜ਼ਰ ਨਹੀਂ ਹੋਏ, ਉਹਨਾਂ ਦੇ ਵੇਰਵੇ ਹੇਠ ਅਨੁਸਾਰ ਹਨ:-

| Sr. no | Application no. | Candidate Name | Father Name | Category | DOB | Marks | Selection Category | Email ID |
|---|---|---|---|---|---|---|---|---|
| 1 | PSSSBH17109858 | KUNDAN KUMAR | LALAN SINGH | General | 30.01.1999 | 572.0567 | OPEN Against ESM Gen | kundank7860@gmail.com |
| 2 | PSSSBH17100107 | RISHAB CHAWLA | MOHAN LAL | General | 28.05.1999 | 572.0567 | OPEN Against ESM Gen | rishavchawla28@gmail.com |
| 3 | PSSSBH17051946 | PRIYAL MAHAJAN | NARESH MAHAJAN | General | 13.11.1999 | 571.2207 | OPEN Against Sports Gen | priyalmahajan8@gmail.com |